**SWIS-H**
STATEWIDE INFANT
SCREENING - HEARING



# ਮੈਂ ਆਪਣੇ ਬੱਚੇ ਦੀ ਸੁਣਨ-ਸ਼ਕਤੀ ਨੂੰ ਚੈਕ ਕਰਵਾਉਣ ਦਾ ਵਿਕਲਪ ਚੁਣਿਆ ਹੈ। ਮੈਨੂੰ ਕੀ ਜਾਣਨ ਦੀ ਲੋੜ ਹੈ?

ਤੁਹਾਡੇ ਬੱਚੇ ਦੇ ਜੀਵਨ ਦੇ ਪਹਿਲੇ ਕੁੱਝ ਹਫ਼ਤਿਆਂ ਦੌਰਾਨ ਲਗਾਤਾਰ ਕਈ ਵਾਰ ਉਸ ਦੀ ਸਿਹਤ ਦਾ ਚੈਕਅਪ ਕੀਤਾ ਜਾਵੇਗਾ। ਇਨ੍ਹਾਂ ਵਿੱਚੋਂ ਸੁਣਨ-ਸ਼ਕਤੀ ਦੇ ਗੁੰਮ ਹੋ ਜਾਣ ਬਾਰੇ ਵੀ ਇੱਕ ਚੈਕਅਪ ਹੋਵੇਗਾ।

ਸੁਣਨ-ਸ਼ਕਤੀ ਦੀ ਪੜਤਾਲ਼ ਦੀ ਪੇਸ਼ਕਸ਼ ਬੱਚੇ ਦੇ ਜਨਮ ਦੇ ਪਿੱਛੋਂ ਛੇਤੀ ਤੋਂ ਛੇਤੀ ਕੀਤੀ ਜਾਵੇਗੀ ਅਤੇ ਇਹ ਜਾਂਚ ਡਿਸਚਾਰਜ ਤੋਂ ਪਹਿਲਾਂ ਜਾਂ ਬਾਅਦ ਵਿੱਚ ਹਸਪਤਾਲ ਜਾਂ ਕਮਯੂਨਿਟੀ ਦੇ ਕਿਸੇ ਸਾਂਝੇ ਸਥਾਨ ’ਤੇ ਕੀਤੀ ਜਾਵੇਗੀ।

ਮਾਪੇ ਆਪਣੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਸਕਦੇ ਹਨ। ਇਹ ਤੁਹਾਡੇ ਬੱਚੇ ਦੇ ਨਿਜੀ ਸਿਹਤ ਰਿਕਾਰਡ (Personal Health Record) (ਨੀਲੀ ਪੁਸਤਿਕਾ) ਵਿੱਚ ਰਿਕਾਰਡ ਕੀਤਾ ਜਾਵੇਗਾ। ਤੁਹਾਨੂੰ ਇੱਕ ਫ਼ਾਰਮ ਉਤੇ ਹਸਤਾਖਰ ਕਰਨ ਲਈ ਵੀ ਆਖਿਆ ਜਾਵੇਗਾ, ਜਿਸ ਰਾਹੀਂ ਇਹ ਪੁਸ਼ਟੀ ਹੋਵੇਗੀ ਕਿ ਜਦੋਂ ਪੜਤਾ਼ਲ ਦੀ ਪੇਸ਼ਕਸ਼ ਕੀਤੀ ਗਈ ਸੀ ਤਦ ਤੁਸੀਂ ਇਨਕਾਰ ਕਰ ਦਿੱਤਾ ਸੀ।

ਜੇ ਤੁਸੀਂ ਆਪਣੇ ਬੱਚੇ ਦਾ ਚੈਕਅਪ ਨਾ ਕਰਵਾਉਣ ਦਾ ਵਿਕਲਪ ਚੁਣਿਆ ਹੈ, ਤਦ ਵੀ ਤੁਹਾਨੂੰ ਇਸ ਚੈਕਅਪ ਅਤੇ ਇਸ ਦੀ ਅਹਿਮੀਅਤ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

## ਸੁਣਨ-ਸ਼ਕਤੀ ਦੀ ਜਾਂਚ ਦੀ ਪੇਸ਼ਕਸ਼ ਕਿਉਂ ਕੀਤੀ ਜਾਂਦੀ ਹੈ?

ਹਰੇਕ 1000 ਬੱਚਿਆਂ ਵਿਚੋਂ ਲਗਭਗ ਇੱਕ ਤੋਂ ਦੋ ਬੱਚਿਆਂ ਨੂੰ ਸੁਣਨ ਵਿੱਚ ਸਮੱਸਿਆ ਹੁੰਦੀ ਹੈ।

ਜਿੰਨੀ ਵੀ ਛੇਤੀ ਸੰਭਵ ਹੋ ਸਕੇ, ਇਹ ਜਾਣਨਾ ਅਹਿਮ ਹੁੰਦਾ ਹੈ ਕਿ ਤੁਹਾਡਾ ਬੱਚਾ ਕਿੰਨੀ ਚੰਗੀ ਤਰ੍ਹਾਂ ਸੁਣ ਸਕਦਾ ਹੈ ਅਤੇ ਤੁਹਾਡਾ ਬੱਚਾ ਕਿੰਨੀ ਸਹੀ ਸਲਾਹ ਅਤੇ ਸਹਾਇਤਾ ਲੈ ਸਕਦਾ ਹੈ।

ਜਦ ਤੱਕ ਬੱਚੇ ਆਪਣਾ ਪਹਿਲਾ ਸ਼ਬਦ ਬੋਲਦੇ ਹਨ, ਉਹ ਲਗਭਗ ਇੱਕ ਸਾਲ ਤੋਂ ਸਾਡੀ ਗੱਲਬਾਤ ਨੂੰ ਸੁਣ ਰਹੇ ਹੁੰਦੇ ਹਨ।

ਜੇ ਇਸ ਸਮੇਂ ਕੋਈ ਬੱਚਾ ਠੀਕ ਢੰਗ ਨਾਲ ਨਹੀਂ ਸੁਣ ਰਿਹਾ, ਇਸ ਦਾ ਉਸ ਦੇ ਬੋਲਣ ਅਤੇ ਭਾਸ਼ਾ ਵਿਕਾਸ ਤੇ ਪ੍ਰਭਾਵ ਪੈ ਸਕਦਾ ਹੈ।

ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ ਜਾਂ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ ਅਤੇ ਆਪਣੇ ਬੱਚੇ ਦਾ ਮੈਡੀਕਲ ਚੈਕਅਪ ਕਰਵਾਉਣਾ ਚਾਹੁੰਦੇ ਹੋ, ਤਦ ਆਪਣੇ ਸਥਾਨਕ ਸਵਿਸ਼ (SWIS-H) ਪ੍ਰੋਗਰਾਮ ਕੋਆਰਡੀਨੇਟਰ ਨਾ਼ਲ ਛੇਤੀ ਤੋਂ ਛੇਤੀ ਸੰਪਰਕ ਕਰੋ।

## ਜਿਉਂ-ਜਿਉਂ ਮੇਰਾ ਬੱਚਾ ਵੱਡਾ ਹੁੰਦਾ ਹੈ, ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?

ਸੁਣਨ-ਸ਼ਕਤੀ ਸਮਾਂ ਬੀਤਣ ਨਾਲ ਸਦਾ ਇੱਕੋ ਜਿਹੀ ਨਹੀਂ ਰਹਿੰਦੀ। ਤੁਹਾਡੇ ਬੱਚੇ ਦੇ ਬੋਲਣ ਤੇ ਭਾਸ਼ਾ ਵਿਕਾਸ ਦੇ ਨਾਲ-ਨਾਲ ਆਵਾਜ਼ਾਂ ਪ੍ਰਤੀ ਉਸ ਦੇ ਹੁੰਗਾਰਿਆਂ ਉਤੇ ਨਜ਼ਰ ਰੱਖਣੀ ਮਹੱਤਵਪੂਰਣ ਹੁੰਦੀ ਹੈ।

ਤੁਸੀਂ ਆਪਣੇ ਬੱਚੇ ਦੀ ਪ੍ਰਗਤੀ ਉਤੇ ਨਜ਼ਰ ਰੱਖਣ ਲਈ ਇਸ ਪੰਨੇ ਦੇ ਪਿਛਲੇ ਪਾਸੇ ਦਿੱਤੀ ਚੈਕਲਿਸਟ ਦਾ ਹਵਾਲਾ ਲੈ ਸਕਦੇ ਹੋ।

ਜੇ ਤੁਸੀਂ ਭਵਿੱਖ ਵਿੱਚ ਆਪਣੇ ਬੱਚੇ ਦੀ ਸੁਣਨ-ਸ਼ਕਤੀ ਜਾਂ ਬੋਲਣ ਤੇ ਭਾਸ਼ਾ ਵਿਕਾਸ ਬਾਰੇ ਚਿੰਤਤ ਹੋ, ਤਾਂ ਕ੍ਰਿਪਾ ਕਰ ਕੇ ਆਪਣੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣ ਦਾ ਇੰਤਜ਼ਾਮ ਕਰੋ। ਆਪਣੇ ਪਰਿਵਾਰਕ ਡਾਕਟਰ ਨੂੰ ਕਹੋ ਕਿ ਉਹ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਲਈ ਤੁਹਾਨੂੰ ਕਿਸੇ ਵਾਜਬ ਸੇਵਾ ਕੋਲ ਭੇਜੇ।

ਸੁਣਨ-ਸ਼ਕਤੀ ਦੀ ਜਾਂਚ ਕਿਸੇ ਵੀ ਉਮਰ ਵਿੱਚ ਕੀਤੀ ਜਾ ਸਕਦੀ ਹੈ।

### ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਦਿਤੀ ਵੈਬਸਾਈਟ ਵੇਖੋ:

http://www.health.nsw.gov.au/kids-families

ਸਥਾਨਕ ਸੰਪਰਕ/ਮਿਲਣ ਦੇ ਸਮੇਂ ਦੇ ਵੇਰਵੇ

ਸਿਹਤ ਬਾਰੇ ਸਲਾਹ ਲਈ *healthdirect Australia* ਨਾਲ ਸੰਪਰਕ ਕਰੋ
http://www.healthdirect.gov.au/
**1800 022 222**

NSW GOVERNMENT | Health

**Punjabi** - I chose not to have my baby's hearing screened. What do I need to know?

SWIS-H
STATEWIDE INFANT
SCREENING - HEARING

# ਸੁਣਨ-ਸ਼ਕਤੀ ਚੈਕਲਿਸਟ

| | |
|---|---|
| ਜਨਮ ਤੋਂ 3 ਮੋਨਟਹਸ | ਉਚੀਆਂ ਆਵਾਜ਼ਾਂ ਨੂੰ ਹੁੰਗਾਰਾ ਦਿੰਦਾ ਹੈ |
| | ਕੁੱਝ ਜਾਣੀਆਂ-ਪਛਾਣੀਆਂ ਆਵਾਜ਼ਾਂ ਜਾਂ ਧੁਨੀਆਂ ਨਾਲ ਚੁੱਪ ਹੋ ਜਾਂਦਾ ਹੈ |
| | ਪਿਆਰੇ ਢੰਗ ਤੇ ਨਰਮੀ ਨਾਲ ਰੌਲਾ ਪਾਉਂਦਾ ਹੈ |
| | ਬੋਲਣ ਵਾਲੇ ਦੇ ਚਿਹਰੇ ਨੂੰ ਵੇਖਦਾ ਹੋਇਆ ਬੋਲਣ ’ਤੇ ਪ੍ਰਤੀਕਰਮ ਪ੍ਰਗਟਾਉਂਦਾ ਹੈ |
| 3-6 ਮਹੀਨੇ | ਧੁਨੀਆਂ ਨੂੰ ਸੁਣ ਕੇ ਅੱਖਾਂ ਜਾਂ ਸਿਰ ਘੁਮਾਉਂਦਾ ਹੈ |
| | ਬੋਲਣ ਵਰਗੀਆਂ ਧੁਨੀਆਂ ਕੱਢਣੀਆਂ ਸ਼ੁਰੂ ਕਰਦਾ ਹੈ |
| | ਇਹ ਦਰਸਾਉਣ ਲਈ ਹੱਸਦਾ ਹੈ ਅਤੇ ਰੌਲਾ ਪਾਉਂਦਾ ਹੈ ਕਿ ਉਹ ਕੀ ਮਹਿਸੂਸ ਕਰ ਰਹੇ ਹਨ |
| 6-9 ਮਹੀਨੇ | ਤੋਤਲੀ ਆਵਾਜ਼ ਵਿੱਚ ‘ਦਾਦਾ’ ‘ਮਾਮਾ’ ‘ਬਾਬਾ’ ਬੋਲਦਾ ਹੈ |
| | ਧਿਆਨ ਖਿੱਚਣ ਲਈ ਚੀਕਦਾ/ਆਵਾਜ਼ਾਂ ਕਢਦਾ ਹੈ |
| | ਅਕਸਰ ‘ਨਹੀਂ’ ਅਤੇ ਆਪਣੇ ਨਾਮ ਨੂੰ ਹੁੰਗਾਰਾ ਦੇਵੇਗਾ |
| | ਗਾਉਣ ਅਤੇ ਸੰਗੀਤ ਨੂੰ ਹੁੰਗਾਰਾ ਦਿੰਦਾ ਹੈ |
| 9-12 ਮਹੀਨੇ | ਹੋਰਨਾਂ ਦੇ ਬੋਲਣ ਦੀਆਂ ਧੁਨੀਆਂ ਦੀ ਨਕਲ ਕਰਦਾ ਹੈ |
| | ਸਾਧਾਰਣ ਜਿਹੇ ਸ਼ਬਦ ਜਿਵੇਂ ‘ਗੇਂਦ’, ‘ਕੁੱਤਾ’, ‘ਡੈਡੀ’ ਸਮਝਦਾ ਹੈ |
| | ਨਰਮ ਆਵਾਜ਼ਾਂ ਵੱਲ ਸਿਰ ਘੁਮਾਉਂਦਾ ਹੈ |
| | ਪਹਿਲੇ ਸ਼ਬਦ ਬੋਲਦਾ ਹੈ |
| 12-18 ਮਹੀਨੇ | ਹਰ ਹਫ਼ਤੇ ਕੁੱਝ ਨਵੇਂ ਸ਼ਬਦ ਸਮਝਦਾ ਜਾਪਦਾ ਹੈ |
| | ਬੋਲਚਾਲ ਵਾਲੀਆਂ ਸਾਧਾਰਣ ਹਦਾਇਤਾਂ ਦਾ ਪਾਲਣ ਕਰਦਾ ਹੈ, ਜਿਵੇਂ ‘ਗੇਂਦ ਨੂੰ ਫੜ’ |
| | ਕਹਿਣ ’ਤੇ ਲੋਕਾਂ, ਸਰੀਰ ਦੇ ਹਿੱਸਿਆਂ ਜਾਂ ਖਿਡੌਣਿਆਂ ਵੱਲ ਇਸ਼ਾਰਾ ਕਰਦਾ ਹੈ |
| | ਬੋਲਣ ਲਈ ਨਵੇਂ ਸ਼ਬਦ ਲਗਾਤਾਰ ਸਿੱਖਦਾ ਹੈ ਭਾਵੇਂ ਉਹ ਅਸਪੱਸ਼ਟ ਹੋ ਸਕਦੇ ਹਨ |
| 18-24 ਮਹੀਨੇ | 100-200 ਸ਼ਬਦ ਅਜਿਹੇ ਹੁੰਦੇ ਹਨ ਜਿਹੜੇ ਉਹ ਲਗਾਤਾਰ ਵਰਤਦੇ ਹਨ |
| | ਸਾਧਾਰਣ ਕਹਾਣੀਆਂ ਜਾਂ ਗਾਣੇ ਸੁਣਦਾ ਹੈ |
| | ਛੋਟੇ-ਛੋਟੇ ਵਾਕਾਂ ਵਿੱਚ ਦੋ ਜਾਂ ਹੋਰ ਸ਼ਬਦ ਜੋੜਦਾ ਹੈ ਜਿਵੇਂ ‘ਹੋਰ ਜੂਸ’ |

ਟਿੱਪਣੀਆਂ:

NSW GOVERNMENT | Health

© NSW Health September 2016 SHPN (NKF) 150264